# ਪੰਜਾਬ ਸਕੂਲ ਸਿੱਖਿਆ ਬੋਰਡ

## ਸੈਸ਼ਨ 2024-25 ਲਈ ਸਕੂਲ ਤੋਂ ਸਕੂਲ ਅਤੇ ਇੰਟਰ ਬੋਰਡ ਮਾਈਗ੍ਰੇਸ਼ਨ ਸ਼ਡਿਊਲ

ਸੈਸ਼ਨ 2024-25 ਦੌਰਾਨ ਅੱਠਵੀਂ ਤੋਂ ਬਾਰ੍ਹਵੀਂ ਸ਼੍ਰੇਣੀਆਂ ਵਿੱਚ ਪੜ੍ਹਦੇ ਵਿਦਿਆਰਥੀਆਂ ਦੀ ਸਕੂਲ ਤੋਂ ਸਕੂਲ ਅਤੇ ਇੰਟਰ ਬੋਰਡ ਮਾਈਗ੍ਰੇਸ਼ਨ ਕਰਨ ਲਈ ਮਿਤੀਆਂ ਦਾ ਸ਼ਡਿਊਲ ਅਤੇ ਫੀਸਾਂ ਹੇਠ ਦਰਸਾਏ ਅਨੁਸਾਰ ਹਨ :-

### ਸਕੂਲ ਤੋਂ ਸਕੂਲ ਮਾਈਗ੍ਰੇਸ਼ਨ ਸਬੰਧੀ ਸ਼ਡਿਊਲ

| ਮਿਤੀ | ਫੀਸ | ਵਿਸ਼ੇਸ਼ ਕਥਨ |
|---|---|---|
| ਵਿਦਿਆਰਥੀਆਂ ਨੂੰ ਰਜਿਸਟਰਡ ਕਰਨ ਉਪਰੰਤ ਮਿਤੀ 29-11-2024 ਤੱਕ | 1000/-ਰੁ: | ਆਨ-ਲਾਈਨ ਪ੍ਰਕਿਰਿਆ ਰਾਹੀਂ। |
| ਮਿਤੀ 30-11-2024 ਤੋਂ 31-12-2024 ਤੱਕ | 2000/-ਰੁ: | ਆਨ-ਲਾਈਨ ਪ੍ਰਕਿਰਿਆ ਰਾਹੀਂ। |

ਸਕੂਲਾਂ ਦੀ ਸੁਵਿਧਾ ਲਈ ਆਨ-ਲਾਈਨ ਸਕੂਲ ਤੋਂ ਸਕੂਲ ਮਾਈਗਰੇਸ਼ਨ ਕਰਨ ਦੀ ਵਿਧੀ ਹੇਠ ਲਿਖੇ ਅਨੁਸਾਰ ਹੈ :-

**New School Process**

1 ਵਿਦਿਆਰਥੀ ਨੇ Migrate ਹੋ ਕੇ ਜਿਸ ਨਵੇਂ ਸਕੂਲ ਵਿੱਚ ਜਾਣਾ ਹੈ, ਉਹ ਉਸ ਨਵੇਂ ਸਕੂਲ ਨੂੰ ਇੱਕ application ਦੇਵੇਗਾ।

2 ਨਵਾਂ ਸਕੂਲ ਆਪਣਾ ਸਕੂਲ login ਕਰਨ ਉਪਰੰਤ School Migration menu ਵਿੱਚ 'Apply for Migration' link ਤੇ click ਕਰੇਗਾ।

3 ਇਸ ਲਿੰਕ ਵਿੱਚ Student Unique Id ,Reg. No, Aadhar No,Mobile No ਆਦਿ ਵਿੱਚੋਂ ਕੋਈ ਇਕ option select ਕਰਕੇ ,ਉਸ ਨੂੰ ਭਰਕੇ Search button ਤੇ click ਕਰੇਗਾ।

4 ਇਸ ਉਪਰੰਤ ਵਿਦਿਆਰਥੀ ਦੀ ਸਾਰੀ detail screen ਤੇ show ਹੋ ਜਾਵੇਗੀ ਅਤੇ ਉਸ ਦੀ ਰਜਿਸਟਰੇਸ਼ਨ ਫੀਸ ਦਾ status ਨਵੇਂ ਸਕੂਲ ਵੱਲੋਂ check ਕਰਨ ਉਪਰੰਤ Choose action option ਵਿੱਚ Migrate button ਤੇ click ਕੀਤਾ ਜਾਵੇ।(ਜੇਕਰ ਰਜਿਸਟਰੇਸ਼ਨ ਫੀਸ status paid ਹੈ ਤਾਂ ਹੀ Migration ਦੀ option ਖੁਲੇਗੀ। ਰਜਿਸਟਰੇਸ਼ਨ ਫੀਸ pending/unpaid ਹੋਣ ਦੀ ਸੂਰਤ ਵਿੱਚ ਵਿਦਿਆਰਥੀ ਦੀ Migration ਨਹੀਂ ਹੋ ਸਕੇਗੀ।)

5 Migration button ਤੇ click ਕਰਨ ਉਪਰੰਤ 'Upload Candidate Application' ਦੀ option ਵਿੱਚ ਵਿਦਿਆਰਥੀ ਦੀ application attach ਕੀਤੀ ਜਾਵੇ ਅਤੇ ਨਾਲ ਹੀ 'Reason of Migration' option ਵਿੱਚ reason ਭਰਨ ਉਪਰੰਤ 'Apply Migration' ਤੇ click ਕੀਤਾ ਜਾਵੇ।

6 School Migration menu ਵਿੱਚ ਸਕੂਲ ਵੱਲੋਂ migration ਵਾਸਤੇ apply ਕੀਤੇ ਵਿਦਿਆਰਥੀਆਂ ਦੀ ਸੂਚੀ ' Applied List' option ਵਿੱਚ ਵੇਖੀ ਜਾ ਸਕਦੀ ਹੈ। (ਜੇਕਰ ਕਿਸੇ ਸਕੂਲ ਵੱਲੋਂ ਗਲਤ Migration apply ਹੋ ਗਿਆ ਹੈ, ਤਾਂ ਉਹ ਪਿਛਲੇ ਸਕੂਲ ਦੇ accept ਕਰਨ ਤੋਂ ਪਹਿਲਾਂ Applied List ਅਧੀਨ Choose Action ਦੀ option ਵਿੱਚ Cancel application ਦੀ option ਵਿੱਚ ਜਾਕੇ Migration cancel ਕਰ ਸਕਦੇ ਹਨ।

**Previous School Process**

1 ਪਿਛਲਾ ਸਕੂਲ ਆਪਣਾ Login ਕਰਨ ਉਪਰੰਤ School Migration menu ਵਿੱਚ 'Received List' ਤੇ click ਕਰਕੇ migration ਲਈ apply ਕੀਤੇ ਵਿਦਿਆਰਥੀਆਂ ਦੀ ਸੂਚੀ ਵੇਖ ਸਕਦੇ ਹਨ।

2 ਇਸ ਉਪਰੰਤ ਪਿਛਲੇ ਸਕੂਲ ਕੋਲ 'Accept/Reject by School' ਦੀ option ਆਵੇਗੀ।

3 ਜੇਕਰ ਪਿਛਲਾ ਸਕੂਲ migration ਵਾਸਤੇ ਸਹਿਮਤ ਹੈ ਤਾਂ ਉਹ Accept ਤੇ click ਕਰਕੇ migration ਲਈ ਸਹਿਮਤੀ ਦੇਵੇਗਾ,ਨਹੀਂ ਤਾਂ ਸਕੂਲ ਵੱਲੋਂ Reject ਦੀ option ਵੀ select ਕੀਤੀ ਜਾ ਸਕਦੀ ਹੈ।

4 Accept/Reject ਦੀ option ਤੇ click ਕਰਨ ਉਪਰੰਤ 'Select your response' ਦੀ option ਵਿੱਚ Accept/Reject select ਕਰਕੇ Remarks enter ਕਰਨ ਉਪਰੰਤ Submit button ਤੇ click ਕੀਤਾ ਜਾਵੇ।

**Fee Payment and Print**

1 ਪਿਛਲੇ ਸਕੂਲ ਵੱਲੋਂ Accept ਕਰਨ ਤੋਂ ਬਾਅਦ ਨਵੇਂ ਸਕੂਲ ਦੇ Login ਅਧੀਨ School Migration menu ਦੀ Applied List option ਵਿੱਚ 'Pay Fee' ਦੀ option ਖੁੱਲ੍ਹ ਜਾਵੇਗੀ। ਇਸ option ਤੇ click ਕਰਕੇ ਸਕੂਲ ਵੱਲੋਂ ਮਾਈਗਰੇਸ਼ਨ ਦੀ ਬਣਦੀ ਫੀਸ ਦੀ online payment ਕੀਤੀ ਜਾਵੇ।

2 Online payment successful ਹੋਣ ਤੋਂ ਬਾਅਦ ਵਿਦਿਆਰਥੀ ਨਵੇਂ ਸਕੂਲ ਵਿੱਚ Migrate ਹੋ ਜਾਵੇਗਾ ਅਤੇ ਇਸ ਮਾਈਗਰੇਸ਼ਨ ਸਰਟੀਫਿਕੇਟ ਦਾ print ਨਵੇਂ ਸਕੂਲ ਅਧੀਨ Applied List ਵਿੱਚੋਂ ਅਤੇ ਪਿਛਲੇ ਸਕੂਲ ਅਧੀਨ Received List ਵਿੱਚੋਂ 'Print' option ਤੇ click ਕਰਕੇ Print ਕੀਤਾ ਜਾ ਸਕਦਾ ਹੈ। ਵਿਦਿਆਰਥੀ ਨਵੇਂ ਸਕੂਲ ਵਿੱਚ Shift ਹੋ ਜਾਵੇਗਾ ਅਤੇ ਉਸਦੇ ਵੇਰਵੇ ਸਬੰਧਤ ਫਾਰਮ ਅਧੀਨ View Inserted Records ਦੀ option ਵਿੱਚ ਚੈੱਕ ਕੀਤੇ ਜਾ ਸਕਦੇ ਹਨ।

**ਨੋਟ:-**

1. ਜੇਕਰ ਕੋਈ ਸਕੂਲ ਮੁਖੀ, ਸਕੂਲ ਤੋਂ ਸਕੂਲ ਮਾਈਗ੍ਰੇਸ਼ਨ ਕਰਵਾਏ ਬਿਨ੍ਹਾਂ ਕਿਸੇ ਵਿਦਿਆਰਥੀ ਨੂੰ ਆਪਣੇ ਪੱਧਰ ਤੇ ਦਾਖਲਾ ਦਿੰਦਾ ਹੈ ਤਾਂ ਉਸ ਵਿਦਿਆਰਥੀ ਦੀ ਆਨ-ਲਾਈਨ ਐਂਟਰੀ ਪਿਛਲੇ ਸਕੂਲ ਵਿੱਚ ਹੀ ਸ਼ੋਅ ਹੋਵੇਗੀ। ਜਿਸ ਕਰਕੇ ਦਸਵੀਂ/ਬਾਰਵੀਂ ਸ਼੍ਰੇਣੀ ਵਿੱਚ ਨਵੇਂ ਸਕੂਲ ਵੱਲੋਂ ਵਿਦਿਆਰਥੀਆਂ ਦੇ ਪ੍ਰੀਖਿਆ ਫਾਰਮ ਜਨਰੇਟ ਨਹੀਂ ਕੀਤੇ ਜਾ ਸਕਣਗੇ ਅਤੇ ਨਾ ਹੀ ਨੌਵੀਂ/ਗਿਆਰ੍ਹਵੀਂ ਸ਼੍ਰੇਣੀ ਵਿੱਚ ਵਿਦਿਆਰਥੀਆਂ ਦਾ ਆਨ-ਲਾਈਨ ਰਿਜ਼ਲਟ ਅਪਲੋਡ ਹੋ ਸਕੇਗਾ। ਇਸ ਲਈ ਸਕੂਲ ਮੁਖੀ ਬੋਰਡ ਵੱਲੋਂ ਜਾਰੀ ਦਾਖਲਾ ਸ਼ਡਿਊਲ ਦੀ ਅੰਤਿਮ ਮਿਤੀ ਨਿਕਲਣ ਉਪਰੰਤ ਕਿਸੇ ਵੀ ਵਿਦਿਆਰਥੀ ਨੂੰ ਸਕੂਲ ਤੋਂ ਸਕੂਲ ਮਾਈਗ੍ਰੇਸ਼ਨ ਕਰਵਾਏ ਬਿਨਾਂ ਸਕੂਲ ਵਿੱਚ ਦਾਖਲਾ ਨਾ ਦੇਣ। ਜੇਕਰ ਕੋਈ ਸਕੂਲ ਮੁਖੀ ਸਕੂਲ ਤੋਂ ਸਕੂਲ ਮਾਈਗ੍ਰੇਸ਼ਨ ਕਰਵਾਏ ਬਿਨ੍ਹਾਂ ਵਿਦਿਆਰਥੀ ਨੂੰ ਸਕੂਲ ਵਿੱਚ ਦਾਖਲ ਕਰਦਾ ਹੈ ਤਾਂ ਅਣਗਹਿਲੀ ਦੀ ਜ਼ਿੰਮੇਵਾਰੀ ਸਕੂਲ ਮੁਖੀ ਦੀ ਹੀ ਹੋਵੇਗੀ ਅਤੇ ਇਸ ਸਬੰਧੀ ਬੋਰਡ ਵੱਲੋਂ ਨਿਯਮਾਂ ਅਨੁਸਾਰ ਸਕੂਲ ਮੁਖੀ ਵਿਰੁੱਧ ਕਾਰਵਾਈ ਕੀਤੀ ਜਾਵੇਗੀ ।
2. ਸਕੂਲ ਤੋਂ ਸਕੂਲ ਮਾਈਗਰੇਸ਼ਨ ਲਈ Online Fee Payment ਤੱਕ ਦਾ ਸਾਰਾ Process 31 ਦਸੰਬਰ ਤੱਕ ਪੂਰਾ ਕਰਨਾ ਲਾਜ਼ਮੀ ਹੈ।
3. ਬੋਰਡ ਵੱਲੋਂ ਆਨ-ਲਾਈਨ ਮਾਈਗਰੇਸ਼ਨ ਸਰਟੀਫਿਕੇਟ ਜਾਰੀ ਹੋਣ ਤੋਂ ਬਾਅਦ ਹੀ ਪਿਛਲੇ ਸਕੂਲ ਵੱਲੋਂ ਵਿਦਿਆਰਥੀ ਦਾ ਨਾਮ ਕੱਟਿਆ ਜਾਵੇ ਅਤੇ ਨਵੇਂ ਸਕੂਲ ਵੱਲੋਂ ਦਾਖਲਾ ਵੀ ਵਿਦਿਆਰਥੀ ਦਾ ਮਾਈਗਰੇਸ਼ਨ ਸਰਟੀਫਿਕੇਟ ਪ੍ਰਾਪਤ ਹੋਣ ਉਪਰੰਤ ਹੀ ਦਿੱਤਾ ਜਾਵੇ।

**ਇੰਟਰ ਬੋਰਡ ਮਾਈਗ੍ਰੇਸ਼ਨ ਸਬੰਧੀ ਸ਼ਡਿਊਲ**

| | | |
|---|---|---|
| ਦਾਖਲੇ ਦੀ ਅੰਤਿਮ ਮਿਤੀ ਉਪਰੰਤ ਮਿਤੀ 29-11-2024 ਤੱਕ | 3000/-ਰੁ: | TC ਕਟਵਾਉਣ ਦੇ 15 ਦਿਨਾਂ ਦੇ ਵਿੱਚ-ਵਿੱਚ ਚੇਅਰਮੈਨ ਜੀ ਦੀ ਪ੍ਰਵਾਨਗੀ ਨਾਲ ਆਨ-ਲਾਈਨ ਪ੍ਰਕਿਰਿਆ ਰਾਹੀਂ । |
| ਮਿਤੀ 30-11-2024 ਤੋਂ 31-12-2024 ਤੱਕ | 5000/-ਰੁ: | |

ਸੈਸ਼ਨ 2024-25 ਲਈ ਅੱਠਵੀਂ ਤੋਂ ਬਾਰਵੀਂ ਸ਼੍ਰੇਣੀਆਂ ਵਿੱਚ ਇੰਟਰ-ਬੋਰਡ ਮਾਈਗਰੇਸ਼ਨ ਕਰਾਉਣ ਲਈ ਸਕੂਲ ਆਨ-ਲਾਈਨ apply ਕਰ ਸਕਦਾ ਹੈ। ਦਾਖਲਾ ਸ਼ਡਿਊਲ ਦੀਆਂ ਮਿਤੀਆਂ ਖਤਮ ਹੋਣ ਉਪਰੰਤ ਦੂਜੇ ਰਾਜ/ਬੋਰਡ ਤੋਂ ਪੜ੍ਹਦੇ ਆ ਰਹੇ ਵਿਦਿਆਰਥੀ ਜੇਕਰ ਪੰਜਾਬ ਬੋਰਡ ਨਾਲ ਸਬੰਧਤ ਸਕੂਲ ਵਿੱਚ ਦਾਖਲਾ ਲੈਣਾ ਚਾਹੁੰਦੇ ਹਨ ਤਾਂ ਵਿਦਿਆਰਥੀ ਨੇ ਜਿਸ ਸਕੂਲ ਵਿੱਚ ਦਾਖਲਾ ਲੈਣਾ ਹੈ, ਨੂੰ ਇੰਟਰ-ਬੋਰਡ ਮਾਈਗਰੇਸ਼ਨ ਕਰਵਾਉਣ ਸਬੰਧੀ ਬੇਨਤੀ-ਪੱਤਰ ਦੇਵੇਗਾ। ਜੇਕਰ ਸਕੂਲ ਬੇਨਤੀ ਸਵੀਕਾਰ ਕਰਦਾ

ਹੈ ਤਾਂ ਵਿਦਿਆਰਥੀ ਕੋਲੋਂ ਸ਼੍ਰੇਣੀ ਵਾਈਜ਼ ਦੂਜੇ ਰਾਜ/ ਬੋਰਡਾਂ ਤੋਂ ਆਉਣ ਵਾਲੇ ਪ੍ਰੀਖਿਆਰਥੀਆਂ ਤੋਂ ਲਏ ਜਾਣ ਵਾਲੇ ਦਸਤਾਵੇਜ਼ ਆਨ-ਲਾਈਨ ਅਪਲੋਡ ਕਰਕੇ ਇੰਟਰ-ਬੋਰਡ ਮਾਈਗਰੇਸ਼ਨ ਦੀ Request ਪੁਰਾਣੇ ਸਕੂਲ ਤੋਂ TC ਕਟਵਾਉਣ ਦੇ 15 ਦਿਨਾਂ ਦੇ ਵਿੱਚ-ਵਿੱਚ ਬੋਰਡ ਨੂੰ ਭੇਜੇਗਾ ਪਰ ਇਹ Process ਸ਼ਡਿਊਲ ਅਨੁਸਾਰ ਨਿਰਧਾਰਿਤ ਮਿਤੀ 31-12-2024 ਦੇ ਵਿੱਚ-ਵਿੱਚ ਹੀ ਪੂਰਾ ਕੀਤਾ ਜਾਵੇ। **ਅੰਤਿਮ ਮਿਤੀ 31-12-2024 ਤੋਂ ਬਾਅਦ ਕੋਈ ਵੀ ਕੇਸ ਵਿਚਾਰਿਆ ਨਹੀ ਜਾਵੇਗਾ। ਆਨ-ਲਾਈਨ ਇੰਟਰ-ਬੋਰਡ ਮਾਈਗਰੇਸ਼ਨ ਕਰਨ ਦੀ ਵਿਧੀ ਹੇਠ ਲਿਖੇ ਅਨੁਸਾਰ ਹੈ:-**

## ਇੰਟਰ-ਬੋਰਡ ਮਾਈਗਰੇਸ਼ਨ Process

1. ਸਕੂਲ Login ਕਰਨ ਉਪਰੰਤ Registration Portal menu ਵਿੱਚ 'Inter-Board Migration Request' link ਤੇ ਕਲਿੱਕ ਕੀਤਾ ਜਾਵੇ।
2. ਇਸ ਤੋਂ ਬਾਅਦ Apply New ਦੀ option ਵਿਦਿਆਰਥੀ ਦੇ ਸਾਰੇ ਵੇਰਵੇ ਭਰਕੇ Submit Button ਤੇ ਕਲਿੱਕ ਕੀਤਾ ਜਾਵੇ।
3. Submit ਕਰਨ ਤੋਂ ਬਾਅਦ ਵਿਦਿਆਰਥੀ ਦੀ detail screen ਤੇ show ਹੋ ਜਾਵੇਗੀ। ਜੇਕਰ ਕਿਸੇ ਵੇਰਵੇ ਵਿੱਚ ਸੋਧ ਕਰਨੀ ਹੈ ਤਾਂ Choose Action option ਵਿੱਚ Modify ਤੇ ਕਲਿੱਕ ਕੀਤਾ ਜਾਵੇ। ਜੇਕਰ ਸਾਰੇ ਵੇਰਵੇ ਸਹੀ ਹਨ ਤਾਂ Choose Action option ਵਿੱਚ Final Submit ਤੇ ਕਲਿੱਕ ਕੀਤਾ ਜਾਵੇ।
4. Final Submit ਹੋਣ ਤੋਂ ਬਾਅਦ ਸਕੂਲ ਦੀ Inter-Board Migration Request ਮੁੱਖ ਦਫਤਰ ਨੂੰ Forward ਹੋ ਜਾਵੇਗੀ।
5. ਸ਼ਾਖਾ ਵੱਲੋਂ ਦਸਤਾਵੇਜ਼ ਚੈੱਕ ਕਰਨ ਉਪਰੰਤ 'Inter-Board Migration Request' Accept ਜਾਂ Reject ਕੀਤੀ ਜਾਵੇਗੀ।
6. ਸ਼ਾਖਾ ਵੱਲੋਂ Request Accept ਕਰਨ ਤੋਂ ਬਾਅਦ ਸਕੂਲ ਵੱਲੋਂ ਵਿਦਿਆਰਥੀ ਦੀ ਰਜਿਸਟਰੇਸ਼ਨ ਕਰਨ ਲਈ ਵੇਰਵੇ ਸਬੰਧਤ ਫਾਰਮ (ਅੱਠਵੀਂ ਸ਼੍ਰੇਣੀ-A2 ਫਾਰਮ, ਨੌਵੀਂ ਸ਼੍ਰੇਣੀ- N2 ਫਾਰਮ, ਦਸਵੀਂ ਸ਼੍ਰੇਣੀ- M2 ਫਾਰਮ, ਗਿਆਰਵੀਂ ਸ਼੍ਰੇਣੀ- E2 ਫਾਰਮ, ਬਾਰਵੀਂ ਸ਼੍ਰੇਣੀ- T2 ਫਾਰਮ) ਵਿੱਚ ਦਰਜ ਕਰਨ ਉਪਰੰਤ ਫਾਰਮ ਅਨੁਸਾਰ ਲੋੜੀਂਦੇ ਅਸਲ ਦਸਤਾਵੇਜ਼ ਮੁੱਖ ਦਫਤਰ(ਰਜਿਸਟਰੇਸ਼ਨ ਸ਼ਾਖਾ) ਵਿੱਚ ਦਸਤੀ ਪੇਸ਼ ਕਰਕੇ ਅਤੇ ਬਣਦੀ ਫੀਸ + ਮਾਈਗਰੇਸ਼ਨ ਫੀਸ ਦਾ ਚਲਾਨ ਜਨਰੇਟ ਕਰਵਾਕੇ ਬੋਰਡ ਕੈਸ਼ੀਅਰ ਕੋਲ ਬਣਦੀ ਰਾਸ਼ੀ ਜਮ੍ਹਾਂ ਕਰਨ ਉਪਰੰਤ ਹੀ ਇੰਟਰ ਬੋਰਡ ਮਾਈਗ੍ਰੇਸ਼ਨ ਦਾ Process ਮੁਕੰਮਲ ਹੋਵੇਗਾ ।

ਸੁਪਰਡੰਟ(ਰਜਿ.)